# ਵਿਚਾਰ

ਬਨਫਸ਼ਾ

ਸ਼ਬਦਾਂ ਨੂੰ
ਹਕੀਕਤ ਦੀਆਂ
ਪਰਤਾਂ ਤਕ
ਫ਼ਰੋਲਦੇ ਰਹੋ।

–ਜਨਮੇਜਾ ਸਿੰਘ ਜੌਹਲ

ਅੱਖਰ ਜਦ
ਤਕ ਸ਼ਬਦ ਨਾ
ਹੋ ਜਾਣ,
ਨਿਰਸਵਾਰਥ
ਰਹਿੰਦੇ ਹਨ।

–ਜਨਮੇਜਾ ਸਿੰਘ ਜੌਹਲ

ਕਿਸੇ ਵੀ
ਸ਼ਬਦ ਦਾ
ਹਮੇਸ਼ਾਂ, ਇਕੋ
ਹੀ ਮਾਅਨਾ
ਨਹੀਂ ਹੁੰਦਾ।

-ਜਨਮੇਜਾ ਸਿੰਘ ਜੌਹਲ

ਦੁਨੀਆਂ ਦੀ ਹਰ ਭਾਸ਼ਾ ਵਿਚ ਮੂਲ ਸੋਚ ਦੀ ਧੁਨੀ ਲਗਭਗ ਇੱਕੋ ਜਿਹੀ ਹੀ ਹੁੰਦੀ ਹੈ ।

–ਜਨਮੇਜਾ ਸਿੰਘ ਜੌਹਲ

ਸਮਾਂ ਹਰ ਕਿਸੇ
ਦੀ ਮਾਰ ਝੱਲ
ਲੈਂਦਾ ਹੈ, ਪਰ
ਸਮੇਂ ਦੀ ਮਾਰ
ਹਰ ਕੋਈ
ਨਹੀਂ ਝੱਲ
ਸਕਦਾ

-ਜਨਮੇਜਾ ਸਿੰਘ ਜੌਹਲ

ਜਿਸ ਕੌਮ ਕੋਲ
ਇਮਾਨਦਾਰ
ਅਧਿਆਪਕ ਨਹੀਂ
ਹਨ, ਉਸ ਕੌਮ
ਨੇ ਡੁੱਬਣਾ
ਹੀ ਡੁੱਬਣਾ ਹੈ ।

-ਜਨਮੇਜਾ ਸਿੰਘ ਜੌਹਲ

ਦੁਨੀਆਂ ਦੀ ਰਚਨਾ,
ਇਸਨੂੰ ਜੀਓਣ ਲਈ
ਕੀਤੀ ਗਈ ਹੈ,
ਇਸਤੋਂ ਕਿਨਾਰਾ
ਕਰਨਾ, ਇਸਦੇ ਦੁੱਖਾਂ
ਸੁੱਖਾਂ ਨਾਲ ਨਾ ਨਿਪਟਣਾ,
ਇਸਦੇ ਰਚਣਹਾਰੇ ਦੀ
ਤੌਹੀਨ ਹੈ ।

-ਜਨਮੇਜਾ ਸਿੰਘ ਜੌਹਲ

ਗਿਆਨ ਦੇ ਸਾਗਰ
ਵਿਚ ਚੁੱਭੀ ਲਾਉਂਦੇ
ਰਹਿਣਾ, ਗਿਆਨ
ਦੇ ਸਾਗਰ ਵਿਚ
ਰਹਿਣ ਨਾਲੋਂ,
ਜ਼ਿਆਦਾ ਬਿਹਤਰ
ਹੈ ।



–ਜਨਮੇਜਾ ਸਿੰਘ ਜੌਹਲ

ਜੋ ਲੋਕ ਗਿਆਨ
ਦੀ ਪ੍ਰਾਪਤੀ
ਮਗਰ ਭੱਜਦੇ
ਹਨ, ਅਕਸਰ
ਇਸਤੋਂ ਵਿਹੂਣੇ
ਰਹਿ ਜਾਂਦੇ ਹਨ

-ਜਨਮੇਜਾ ਸਿੰਘ ਜੌਹਲ

ਪਾਪ ਤੇ ਪੁੰਨ,
ਗਿਆਨ ਦੀ
ਅਣਹੋਂਦ ਦੇ
ਨਤੀਜੇ ਹਨ।

-ਜਨਮੇਜਾ ਸਿੰਘ ਜੌਹਲ

# ਸਹਿਜ ਹੀ ਸੰਗੀਤ ਹੈ

ਵਿਚਾਰ ਕਦੇ ਪੁਰਾਣੇ ਨਹੀਂ ਹੁੰਦੇ

–ਜਨਮੇਜਾ ਸਿੰਘ ਜੌਹਲ